**Signature and Name of Invigilator**

1. (Signature) ____________________

(Name) ____________________

2. (Signature) ____________________

(Name) ____________________

**Roll No.** | | | | | | | | |

(In figures as per admission card)

**Roll No.** ____________________

(In words)

**Test Booklet No.**

**D—2406**

**PAPER—III**

# PUNJABI

**Time : 2½ hours]** **[Maximum Marks : 200**

Number of Pages in this Booklet : **32** Number of Questions in this Booklet : **26**

## Instructions for the Candidates

1. Write your roll number in the space provided on the top of this page.
2. Answers to short answer/essay type questions are to be given in the space provided below each question or after the questions in the Test Booklet itself.

   **No Additional Sheets are to be used.**
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Test Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the question booklet will be replaced nor any extra time will be given.**
4. Read instructions given inside carefully.
5. One page is attached for Rough Work at the end of the booklet before the Evaluation Sheet.
6. If you write your name or put any mark on any part of the Answer Sheet, except for the space allotted for the relevant entries, which may disclose your identity, you will render yourself liable to disqualification.
7. You have to return the Test booklet to the invigilators at the end of the examination compulsorily and must not carry it with you outside the Examination Hall.
8. **Use only Blue/Black Ball point pen.**
9. **Use of any calculator or log table etc. is prohibited.**
10. **There is NO negative marking.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए।
2. लघु प्रश्न तथा निबंध प्रकार के प्रश्नों के उत्तर, प्रत्येक प्रश्न के नीचे या प्रश्नों के बाद में दिये हुये रिक्त स्थान पर ही लिखिये।

   **इसके लिए कोई अतिरिक्त कागज का उपयोग नहीं करना है।**
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ / प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले ले। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
4. अन्दर दिये गये निर्देशों को ध्यानपूर्वक पढ़ें।
5. उत्तर-पुस्तिका के अन्त में कच्चा काम (Rough Work) करने के लिए मूल्यांकन शीट से पहले एक पृष्ठ दिया हुआ है।
6. यदि आप उत्तर-पुस्तिका पर अपना नाम या ऐसा कोई भी निशान जिससे आपकी पहचान हो सके, किसी भी भाग पर दर्शाते या अंकित करते हैं तो परीक्षा के लिये अयोग्य घोषित कर दिये जायेंगे।
7. आपको परीक्षा समाप्त होने पर उत्तर-पुस्तिका निरीक्षक महोदय को लौटाना आवश्यक है और इसे परीक्षा समाप्ति के बाद अपने साथ परीक्षा भवन से बाहर न लेकर जायें।
8. **केवल नीले / काले बाल प्वाईंट पैन का ही इस्तेमाल करें।**
9. **किसी भी प्रकार का संगणक ( कैलकुलेटर ) या लाग टेबल आदि का प्रयोग वर्जित है।**
10. **गलत उत्तर के लिए अंक नहीं काटे जायेंगे।**

# PUNJABI

## PAPER—III

## ਪ੍ਰਸ਼ਨ-ਪੱਤਰ—III

**NOTE:** **This paper is of two hundred (200) marks containing four (4) sections. Candidates are required to attempt the questions contained in these sections according to the detailed instructions given therein.**

**ਨੋਟ :** ਇਹ ਪ੍ਰਸ਼ਨ-ਪੱਤਰ ਦੋ ਸੌ (200) ਅੰਕਾਂ ਦਾ ਹੈ ਅਤੇ ਇਸ ਵਿਚ ਚਾਰ ਖੰਡ ਹਨ। ਪਰੀਖਿਆਰਥੀਆਂ ਨੇ ਇਨ੍ਹਾਂ ਵਿਚ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਦਿੱਤੇ ਗਏ ਵਿਸਤ੍ਰਿਤ ਨਿਰਦੇਸ਼ਾਂ ਅਨੁਸਾਰ ਦੇਣਾ ਹੈ।

SECTION - I

ਖੰਡ—I

**Note :** This section contains five (5) questions based on the following paragraph. Each question should be answered in about thirty (30) words and each carries five (5) marks.

**(5x5=25 marks)**

**ਇਸ ਖੰਡ ਵਿਚ ਹੇਠ ਲਿਖੇ ਪੈਰੇ ਉੱਤੇ ਆਧਾਰਿਤ ਪੰਜ (5) ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ ਤੀਹ (30) ਸ਼ਬਦਾਂ ਵਿਚ ਦਿਉ। ਹਰੇਕ ਪ੍ਰਸ਼ਨ ਪੰਜ (5) ਅੰਕਾਂ ਦਾ ਹੈ।**

**(5x5=25 ਅੰਕ)**

1901–1947 ਦੇ ਕਾਲ ਦੇ ਬਹੁਤੇ ਪੰਜਾਬੀ ਪੱਤਰਾਂ ਵਿਚ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਦੇ ਨਾਲ ਨਾਲ ਸਾਹਿਤਕ ਅਤੇ ਆਮ ਵਾਕਫ਼ੀ ਨਾਲ ਸੰਬੰਧਿਤ ਰਚਨਾਵਾਂ ਪ੍ਰਕਾਸ਼ਿਤ ਕਰਨ ਦੀ ਮੁੱਖ ਰੁਚੀ ਸੀ। ਇਨ੍ਹਾਂ ਵਿਚੋਂ ਬਹੁਤੇ ਪੱਤਰ ਅੰਗਰੇਜ਼ੀ ਸ਼ਾਸਨ ਦੀਆਂ ਬੰਦਿਸ਼ਾਂ ਅਤੇ ਆਰਥਿਕ ਮਸਲਿਆਂ ਕਾਰਨ ਬਹੁਤਾ ਸਮਾਂ ਜਾਰੀ ਨਾ ਰਹਿ ਸਕੇ। ਇਨ੍ਹਾਂ ਪੱਤਰਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਸੀ, ਕਿਉਂਕਿ ਇਨ੍ਹਾਂ ਵਿਚ ਉਸ ਸਮੇਂ ਦੇ ਸਾਰੇ ਚੋਟੀ ਦੇ ਲੇਖਕਾਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਅਤੇ ਇਨ੍ਹਾਂ ਨੇ ਵੱਡੀ ਗਿਣਤੀ ਵਿਚ ਪੰਜਾਬੀ ਪਾਠਕ ਪੈਦਾ ਕੀਤੇ। ਨਿਰਗੁਣੀਆਰਾ ਖਾਲਸਾ ਟ੍ਰੈਕਟ ਸੁਸਾਇਟੀ ਦਾ ਪੰਦਰਾ-ਰੋਜ਼ਾ ਪੱਤਰ ਸੀ ਜਿਸ ਨੇ ਸਿੱਖੀ ਪ੍ਰਚਾਰ ਦੇ ਨਾਲ ਨਾਲ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਵਡਮੁੱਲੀ ਸੇਵਾ ਕੀਤੀ। ਇਸ ਵਿਚ ਪ੍ਰਕਾਸ਼ਿਤ ਨਿਬੰਧ ਵੱਖ ਵੱਖ ਵੰਨਗੀਆਂ ਵਾਲੇ ਸਨ ਅਤੇ ਇਸ ਦੀ ਵਾਰਤਕ ਗਿਆਨ ਭਰਪੂਰ ਸੀ। ਇਸ ਵਿਚ ਬੜੀਆਂ ਸ੍ਰੇਸ਼ਟ, ਮੌਲਿਕ ਤੇ ਅਨੁਵਾਦਿਤ ਰਚਨਾਵਾਂ ਛਪਦੀਆਂ ਸਨ ਜਿਸ ਕਾਰਨ ਪੰਜਾਬੀ ਪਾਠਕਾਂ ਵਿਚ ਅਸ਼ਲੀਲ ਰਚਨਾਵਾਂ ਦੀ ਥਾਂ ਚੰਗੇਰਾ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਹੋਈ। ਖ਼ਾਲਸਾ ਸਮਾਚਾਰ ਦੇ ਸੰਪਾਦਕ ਪ੍ਰਸਿੱਧ ਸਾਹਿਤਕਾਰ ਭਾਈ ਵੀਰ ਸਿੰਘ ਸਨ। ਬਾਅਦ ਵਿਚ ਧਨੀ ਰਾਮ ਚਾਤ੍ਰਿਕ ਅਤੇ ਮਹਾਂ ਸਿੰਘ ਨੇ ਇਹ ਭੂਮਿਕਾ ਨਿਭਾਈ। ਇਹ ਪੱਤਰ ਅੱਜ ਵੀ ਜਾਰੀ ਹੈ।

1. ਉਪਰੋਕਤ ਪੈਰੇ ਅਨੁਸਾਰ ਆਜ਼ਾਦੀ ਤੋਂ ਪਹਿਲਾਂ ਦੀ ਪੰਜਾਬੀ ਪੱਤਰਕਾਰੀ ਦੀ ਮੁੱਖ ਵਿਸ਼ੇਸ਼ਤਾ ਦੱਸੋ ?

2. ਦਿੱਤੇ ਗਏ ਪੈਰੇ ਦੀ ਭਾਸ਼ਾ-ਸ਼ੈਲੀ ਦਾ ਅਧਿਐਨ ਪੇਸ਼ ਕਰੋ ?

3. ਦਿੱਤੇ ਪੈਰੇ ਅਨੁਸਾਰ ਪੰਜਾਬੀ ਪੱਤਰਕਾਰੀ ਦੀ ਮੁੱਖ ਸਮੱਸਿਆ ਕੀ ਸੀ ?

4. ਦਿੱਤੇ ਪੈਰੇ ਅਨੁਸਾਰ ਪੰਜਾਬੀ ਪੱਤਰਕਾਰੀ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਵਿਚ ਕੀ ਯੋਗਦਾਨ ਪਾਇਆ ?

5. ਉਪਰੋਕਤ ਪੈਰੇ ਅਨੁਸਾਰ ਆਜ਼ਾਦੀ ਤੋਂ ਪਹਿਲਾਂ ਦੀ ਪੰਜਾਬੀ ਪੱਤਰਕਾਰੀ ਵਿਚ ਕਿਸ ਕਿਸਮ ਦੀਆਂ ਰਚਨਾਵਾਂ ਛਪਦੀਆਂ ਸਨ ਅਤੇ ਉਨ੍ਹਾਂ ਦੀ ਕੀ ਵਿਸ਼ੇਸ਼ਤਾ ਸੀ ?

## SECTION - II

## ਖੰਡ—II

**Note :** This section contains fifteen (15) questions each to be answered in about thirty (30) words. Each question carries five (5) marks.

**(5x15=75 marks)**

**ਇਸ ਖੰਡ ਵਿਚ ਪੰਦਰਾਂ (15) ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ ਪੰਜ (5) ਅੰਕ ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ ਤੀਹ (30) ਸ਼ਬਦਾਂ ਵਿਚ ਦਿਉ।**

**(5x15=75 ਅੰਕ)**

6. ਮਾਝੀ ਅਤੇ ਮਲਵਈ ਉਪਭਾਸ਼ਾਵਾਂ ਦਾ ਅੰਤਰ ਦੱਸੋ ?

7. ਪੰਜਾਬੀ ਕੋਸ਼ਕਾਰੀ ਵਿਚ ਵਿਆਕਰਨ ਦਾ ਕੀ ਮਹੱਤਵ ਹੈ ?

8. ਲੋਕਯਾਨ ਅਤੇ ਸਭਿਆਚਾਰ ਵਿਚ ਕੀ ਅੰਤਰ ਹੈ ?

9. ਕੀ ਪੰਜਾਬੀ ਲੋਕ ਸੰਗੀਤ ਦਾ ਮੌਲਿਕ ਰੂਪ ਕਾਇਮ ਹੈ ?

10. ਪੰਜਾਬੀ ਸੂਫ਼ੀ ਕਾਵਿ-ਰੂਪਾਂ ਦੇ ਲੱਛਣ ਦੱਸੋ ?

11. ‘ਵਾਰਾਂ ਭਾਈ ਗੁਰਦਾਸ’ ਵਿਚ ਮਿੱਥ ਵਰਤੋਂ ਦਾ ਸਰੂਪ ਨਿਸ਼ਚਿਤ ਕਰੋ ?

12. ਗੁਰੂ ਰਾਮ ਦਾਸ ਦੀ ਛੰਤ-ਰਚਨਾ ਬਾਰੇ ਤੁਸੀਂ ਕੀ ਜਾਣਦੇ ਹੋ ?

13. 'ਚੰਡੀਦੀ ਵਾਰ' ਵਿਚ ਭਗਉਤੀ ਦਾ ਭਾਵ ਸਪਸ਼ਟ ਕਰੋ ?

14. 'ਹੀਰ ਵਾਰਿਸ' ਵਿਚ ਇਸ਼ਕ ਦਾ ਸੰਕਲਪ ਸਪਸ਼ਟ ਕਰੋ ?

15. 'ਪੁਰਾਤਨ ਜਨਮ ਸਾਖੀ' ਵਿਚ ਗੁਰੂ ਨਾਨਕ ਦੇਵ ਦੀ ਸ਼ਖ਼ਸੀਅਤ ਉਸਾਰੀ ਕਿਸ ਰੂਪ ਵਿਚ ਹੋਈ ਹੈ ?

16. ਆਧੁਨਿਕ ਪੰਜਾਬੀ ਵਾਰਤਕ ਰੂਪਾਂ ਵਿਚ ਕਿਹੜਾ ਰੂਪ ਵਧੇਰੇ ਪ੍ਰਚਲਿਤ ਹੋਇਆ ਹੈ ਅਤੇ ਕਿਉਂ ?

17. ਪੂਰਨ ਸਿੰਘ ਕਾਵਿ ਵਿਚ ਪੰਜਾਬੀ ਸਭਿਆਚਾਰ ਦਾ ਕੀ ਮੁਹਾਂਦਰਾ ਪੇਸ਼ ਹੋਇਆ ਹੈ ?

18. ਅਜੀਤ ਕੌਰ ਦੀ ਕਹਾਣੀ-ਕਲਾ ਦੀ ਵਿਸ਼ੇਸ਼ ਪ੍ਰਾਪਤੀ ਦੱਸੋ ?

19. ਬਲਵੰਤ ਗਾਰਗੀ ਦੇ ਨਾਟਕਾਂ ਦੀ ਮੂਲ ਸਮੱਸਿਆ ਕੀ ਹੁੰਦੀ ਹੈ ?

20. ਸੰਤ ਸਿੰਘ ਸੇਖੋਂ ਅਤੇ ਹਰਿਭਜਨ ਸਿੰਘ ਦੀ ਆਲੋਚਨਾ-ਦ੍ਰਿਸ਼ਟੀ ਦੇ ਭੇਦਕ ਲੱਛਣ ਦੱਸੋ ?

## SECTION - III

## ਖੰਡ—III

**Note :** This section contains five (5) questions of twelve (12) marks each. Each question is to answered in about (200) words.

**(12x5=60 marks)**

**ਇਸ ਖੰਡ ਵਿਚ ਪੰਜ (5) ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ ਬਾਰਾਂ (12) ਅੰਕ ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ ਦੋ ਸੌ (200) ਸ਼ਬਦਾਂ ਵਿਚ ਦਿਉ।**

**(12x5=60 ਅੰਕ)**

21. ਪੰਜਾਬੀ ਸ਼ਬਦ-ਜੋੜਾਂ ਦੇ ਪ੍ਰਮਾਣੀਕਰਨ ਦੀ ਸਮੱਸਿਆ ਨਾਲ ਕਿਵੇਂ ਨਜਿੱਠਿਆ ਜਾ ਸਕਦਾ ਹੈ ?

22. ਵਿਸ਼ਵੀਕਰਨ, ਨਿਜੀਕਰਨ ਅਤੇ ਉਦਾਰੀਕਰਨ ਦੇ ਪ੍ਰਭਾਵਾਂ ਵਜੋਂ ਪੰਜਾਬੀ ਸਭਿਆਚਾਰ ਵਿਚ ਕੀ ਤਬਦੀਲੀਆਂ ਆਈਆਂ ਹਨ ?

23. ਆਧੁਨਿਕ ਪੰਜਾਬੀ ਕਾਵਿ ਵਿਚ ਨਾਰੀਵਾਦੀ ਕਾਵਿ ਦੇ ਸਰੂਪ ਅਤੇ ਮਹੱਤਵ ਦਾ ਉਲੇਖ ਕਰੋ ?

24. ਪੰਜਾਬੀ ਗਲਪ ਦੇ ਕਾਵਿ-ਸ਼ਾਸਤਰ ਦੇ ਮੁੱਖ ਪਛਾਣ-ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰੋ ?

25. 'ਕੀ ਪੰਜਾਬੀ ਇਕਾਂਗੀ ਸੰਸਾਰ ਪੱਧਰ ਤੇ ਪਛਾਣਯੋਗ ਸਥਾਨ ਬਣਾ ਸਕਿਆ ਹੈ ?' ਇਸ ਕਥਨ ਦੇ ਹੱਕ ਜਾਂ ਵਿਰੋਧ ਵਿਚ ਦਲੀਲਾਂ ਦਿਓ ?

## SECTION - IV

## ਖੰਡ—IV

**Note :** This section consists of one essay type question of twenty (20) marks on any of the given topics and one question on practical criticism of twenty (20) marks. Both are to be answered in 500 words each.

**(20x2=40 marks)**

**ਇਸ ਖੰਡ ਵਿਚ ਵੀਹ (20) ਅੰਕਾਂ ਦਾ ਇਕ ਨਿਬੰਧਾਤਮਕ ਪ੍ਰਸ਼ਨ ਦਿੱਤੇ ਗਏ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਹੈ ਅਤੇ ਵੀਹ (20) ਅੰਕਾਂ ਦਾ ਇਕ ਪ੍ਰਸ਼ਨ ਵਿਹਾਰਿਕ ਸਮੀਖਿਆ ਦਾ ਹੈ। ਹਰੇਕ ਦਾ ਉੱਤਰ 500 ਸ਼ਬਦਾਂ ਵਿਚ ਦਿਉ।**

**(20x2=40 ਅੰਕ)**

26. (ੳ) ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** 'ਤੇ ਨਿਬੰਧ ਲਿਖੋ

ਪੰਜਾਬੀ ਵਿਚ ਵਾਕ-ਬਣਤਰ ਦੇ ਆਧਾਰ ਅਤੇ ਵਿਸ਼ੇਸ਼ਤਾਵਾਂ

**ਜਾਂ**

ਪੰਜਾਬੀ ਦੀ ਲੋਕਯਾਨਿਕ ਸਾਮੱਗਰੀ ਦੇ ਵਿਭਿੰਨ ਰੂਪ ਅਤੇ ਵਰਗੀਕਰਨ

**ਜਾਂ**

'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨ-ਕਲਾ

**ਜਾਂ**

ਆਧੁਨਿਕ ਪੰਜਾਬੀ ਗੱਦ-ਸ਼ੈਲੀ ਦਾ ਵਿਕਾਸ

**ਜਾਂ**

ਪੰਜਾਬੀ ਰੰਗਮੰਚ ਦੀਆਂ ਸਮੱਸਿਆਵਾਂ ਤੇ ਨਵੀਨਤਮ ਸ਼ੈਲੀਆਂ

(ਅ) ਕਿਸੇ **ਇਕ** ਦਾ ਵਿਹਾਰਿਕ ਅਧਿਐਨ ਪੇਸ਼ ਕਰੋ :

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ।
ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।੧।
ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ।
ਵਿਸਰਿਆ ਜਿਸ ਨਾਮੁ ਤੇ ਭੁਇ ਭਾਰੁ ਥੀਏ ਰਹਾਉ।
ਆਪਿ ਲੀਏ ਲੜਿ ਲਾਇ ਦਰਿ ਦਰਵੇਸ਼ ਸੇ।
ਤਿਨ ਧੰਨੁ ਜਣੇਂ ਦੀ ਮਾਉ ਆਏ ਸਫਲ ਸੇ।੨।
ਪਰਵਰਦਗਾਰ ਅਪਾਰ ਅਗੰਮ ਬੇਅੰਤ ਤੂੰ।
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ।੩।
ਤੇਰੀ ਪਨਹ ਖੁਦਾਇ ਤੂ ਬਖਸੰਦਗੀ।
ਸੇਖ ਫਰੀਦੈ ਖੈਰੁ ਦੀਜੈ ਬੰਦਗੀ।੪।

**ਜਾਂ**

ਪ੍ਰਸ਼ਨ : ਸੰਝ ਹੋਈ ਪਰਛਾਵੇਂ ਛੁਪ ਗਏ
ਕਿਉਂ ਇਛਾਬਲ ਤੂੰ ਜਾਰੀ ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਵੀ ਨਹਿੰ ਹਾਰੀ
ਸੈਲਾਨੀ ਤੇ ਪੰਛੀ ਮਾਲੀ ਹਨ ਸਭ ਆਰਾਮ ਵਿਚ ਆਏ
ਸਹਿਮ ਸਵਾਦਲਾ ਛਾ ਰਿਹਾ ਸਾਰੇ
ਤੇ ਕੁਦਰਤ ਟਿਕ ਗਈ ਸਾਰੀ।

ਉੱਤਰ : ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓਹ ਕਰ ਅਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਦੀ ਨੀਂਦਰ ?
ਓਹ ਦਿਨੇ ਰਾਤ ਪਏ ਵਹਿੰਦੇ
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ।

**ਜਾਂ**

ਕਵੀ-ਚਿੱਤ ਸਦਾ ਆਪਮੁਹਾਰੀ ਨਿੱਸਲਤਾ ਵਿਚ ਹੁੰਦਾ ਹੈ, "ਭੋਲੈ ਭਾਵ ਮਿਲੇ ਰਘੁਰਾਇਆ"। ਉਸ ਦੇ ਜੀਵਨ ਦੀ ਜਿਗਰੀ ਲੋੜ ਇਹ ਹੈ ਤੇ ਇਹ ਸੂਝ ਉਹਨੂੰ ਰੱਬ ਨੇ ਆਪਮੁਹਾਰੀ ਦਿੱਤੀ ਹੁੰਦੀ ਹੈ। ਸਰਲਤਾ ਯਾ ਅੰਦਰ ਗੂੜ੍ਹੇ ਰੰਗ ਦੀ ਸੱਚਾਈ ਜਿਹਨੂੰ ਕਹਿੰਦੇ ਹਨ, ਉਹ ਅਭੋਲ ਜਿਹੀ ਅਵਸਥਾ ਵਿਚ ਉਹਦੀ ਤਬੀਅਤ ਦਾ ਰੰਗ ਹੁੰਦਾ ਹੈ, ਸਾਰਾ ਦਿੱਸਦਾ ਜਗਤ ਉਹਦੇ ਦਿਲ ਸ਼ੀਸ਼ੇ ਤੇ ਪੈ ਪੈ ਬਾਹਰਲੇ ਦੀ ਅਨਾਤਮਤਾ ਤਿਆਗ ਕੇ ਅੰਤ੍ਰੀਵ ਦੀ ਆਤਮਤਾ ਬਣਦਾ ਹੈ ਤੇ ਕਿਸੇ ਅਪਦਾਰਥ ਦੀ ਬਾਹਰੋਂ ਉਠ ਕੇ ਸਾਡੇ ਅੰਦਰ ਵੜਨ ਤੇ ਵੜ ਕੇ ਪਦਾਰਥ ਹੋ ਸਾਡੇ ਚਿੱਤ ਦੇ ਲੋੜੀਂਦੇ ਰਸ ਵਿਚ ਸਮਾ ਜਾਣ ਦਾ ਨਾਂ ਰਸ ਹੈ। ਇਕ ਸਮਾਂ ਕਵੀ ਤੇ ਛਾਂਦਾ ਹੈ ਜਦ ਕੁਲ ਚੀਜ਼ਾਂ ਰੱਬ-ਰੂਪ ਵਿਚ ਲੀਨ ਹੋ ਰੱਬ ਵਿਚ ਸਮਾ, ਰੱਬ ਰੂਪ ਹੋ ਜਾਂਦੀਆਂ ਹਨ। ਉਹ ਘੜੀ ਜੇਹੜੀ ਕਵੀ-ਨੈਣਾਂ, ਫਕੀਰ-ਨੈਣਾਂ ਦੇ ਸਦਕੇ, ਬਖ਼ਸ਼ੇ ਹੋਏ ਬੰਦਿਆਂ ਦੇ ਸਦਕੇ ਹਰ ਚੀਜ਼ ਉੱਤੇ ਜੋਬਨ ਵਾਂਗ ਆਉਂਦੀ ਹੈ, ਉਹ ਕੁਝ ਥੀਣ-ਅਥੀਣ, ਹੋਣ-ਅਣਹੋਣ ਜਿਹੇ ਦਾ ਵੇਲਾ ਰੰਗ ਰਸ ਦਾ ਹੈ, ਉਹੋ ਰਸ ਹੈ। ਇਹ ਭੇਤ ਕੇਵਲ ਸੱਚਾ ਰਸਿਕ ਕਿਰਤ ਵਾਲਾ ਪਾਰਖੀ ਚਿੱਤ ਜਾਣ ਸੱਕਦਾ ਹੈ।

| FOR OFFICE USE ONLY | | | | | | | |
|---|---|---|---|---|---|---|---|
| **Marks Obtained** | | | | | | | |
| **Question Number** | **Marks Obtained** | **Question Number** | **Marks Obtained** | **Question Number** | **Marks Obtained** | **Question Number** | **Marks Obtained** |
| 1 | | 26 | | 51 | | 76 | |
| 2 | | 27 | | 52 | | 77 | |
| 3 | | 28 | | 53 | | 78 | |
| 4 | | 29 | | 54 | | 79 | |
| 5 | | 30 | | 55 | | 80 | |
| 6 | | 31 | | 56 | | 81 | |
| 7 | | 32 | | 57 | | 82 | |
| 8 | | 33 | | 58 | | 83 | |
| 9 | | 34 | | 59 | | 84 | |
| 10 | | 35 | | 60 | | 85 | |
| 11 | | 36 | | 61 | | 86 | |
| 12 | | 37 | | 62 | | 87 | |
| 13 | | 38 | | 63 | | 88 | |
| 14 | | 39 | | 64 | | 89 | |
| 15 | | 40 | | 65 | | 90 | |
| 16 | | 41 | | 66 | | 91 | |
| 17 | | 42 | | 67 | | 92 | |
| 18 | | 43 | | 68 | | 93 | |
| 19 | | 44 | | 69 | | 94 | |
| 20 | | 45 | | 70 | | 95 | |
| 21 | | 46 | | 71 | | 96 | |
| 22 | | 47 | | 72 | | 97 | |
| 23 | | 48 | | 73 | | 98 | |
| 24 | | 49 | | 74 | | 99 | |
| 25 | | 50 | | 75 | | 100 | |

Total Marks Obtained (in words) ....................................

(in figures) ....................................

Signature & Name of the Coordinator ...............................

(Evaluation) Date .............................